# ਭਾਅ ਜੀ ਗੁਰਸ਼ਰਨ ਸਿੰਘ ਅਤੇ
# ਪੰਜਾਬ ਦੀ ਕਮਿਊਨਿਸਟ ਲਹਿਰ

ਦਰਸ਼ਨ ਸਿੰਘ ਖਟਕੜ

ਅਨੇਕਾਂ ਕਾਰਨ ਹਨ ਜਿਨ੍ਹਾਂ ਕਰਕੇ ਨੌਜੁਆਨ ਗੁਰਸ਼ਰਨ ਸਿੰਘ ਦਾ ਅੱਤ-ਸੰਵੇਦਨਸ਼ੀਲ ਮਨ ਦੁਖੀਆਂ, ਲਤਾੜਿਆਂ ਅਤੇ ਕਿਰਤੀਆਂ ਦੀ ਹਮਦਰਦੀ ਅਤੇ ਮੋਹ ਵਿਚ ਤੜਫ ਉੱਠਿਆ। ਅਨੇਕਾਂ ਕਾਰਨ ਹਨ ਜਿਨ੍ਹਾਂ ਕਰਕੇ ਬਾਲ ਤੇ ਅੱਲੜ ਗੁਰਸ਼ਰਨ ਸਿੰਘ ਦਾ ਮਨ ਇਸ ਵਿਵਸਥਾ ਤੋਂ ਦੂਰ ਹੁੰਦਾ ਗਿਆ। ਇਹ ਸਾਰੇ ਕਾਰਨ ਉਸ ਸੁਭਾਅ ਵਾਲੇ ਹਨ ਜਿਹੜੇ ਨੌਜੁਆਨ ਸਿਧਾਰਥ ਨੂੰ ਬੁੱਧ ਬਣਾਉਣ ਵੱਲ ਲੈ ਤੁਰੇ। ਗੁਰਸ਼ਰਨ ਸਿੰਘ ਹੋਰਾਂ ਦੇ ਵਡੇਰੇ ਰਾਖੇ-ਸਰਦਾਰ ਸਨ। ਇਸ ਜਗੀਰੂ ਰੁਤਬੇ ਨੂੰ ਉਹ ਘੋਰ ਨਫ਼ਰਤ ਕਰਦੇ ਸਨ। ਜੁਆਨੀ ਵੇਲੇ ਤੱਕ ਉਹ ਦੇਸ਼ ਦੇ ਰਜਵਾੜਿਆਂ ਦੀ ਅੰਗਰੇਜ਼ਾਂ ਨਾਲ ਨਿੰਦਣਯੋਗ ਸਾਂਝ ਬਾਰੇ ਜਾਣ ਚੁੱਕੇ ਸਨ। ਪੰਜਾਬੀ ਦੀ ਮਹੰਤਸ਼ਾਹੀ ਦਾ ਜ਼ੁਲਮ-ਜਬਰ ਉਦੋਂ ਤਾਜੇ ਜ਼ਖ਼ਮਾਂ ਵਾਂਗ ਸੀ, ਇਸ ਕਰਕੇ ਫਰੰਗੀਆਂ ਅਤੇ ਰਜਵਾੜਿਆਂ ਦੇ ਗੱਠਜੋੜ ਨਾਲ ਉਨ੍ਹਾਂ ਨੂੰ ਨਫ਼ਰਤ ਹੋਣੀ ਸੁਭਾਵਕ ਹੋ ਗਈ ਸੀ। ਅੱਲ੍ਹੜ-ਉਮਰ ਸੀ ਕਿ ਸੰਸਾਰ ਜੰਗ ਦੀ ਬਿਜਲੀ ਕੜਕਦੀ ਰਹੀ ਅਤੇ ਉਹ ਸੋਵੀਅਤ ਯੂਨੀਅਨ ਦੀਆਂ ਪ੍ਰਾਪਤੀਆਂ ਅਤੇ ਸੋਵੀਅਤ ਯੂਨੀਅਨ ਵਿਚ ਕਿਰਤੀਆਂ ਦੇ ਰਾਜ ਦੀ ਸੁਗੰਧੀ ਉਨ੍ਹਾਂ ਨੂੰ ਆਨੰਦਤ ਕਰਦੀ ਸੀ। ਆਪਣੇ ਕਈ ਗ਼ਰੀਬ ਤੇ ਕਾਮੇ ਸਹਿਪਾਠੀਆਂ ਦੇ ਰੁਲ-ਖੁਲ ਜਾਣ ਨਾਲ ਜਿਹੜੇ ਅੱਥਰੂ ਉਨ੍ਹਾਂ ਦੀਆਂ ਅੱਖਾਂ ਵਿਚੋਂ ਡਿੱਗੇ, ਉਨ੍ਹਾਂ ਦਾ ਦਰਦ ਸਾਰੀ ਉਮਰ ਗੁਰਸ਼ਰਨ ਸਿੰਘ ਦੀ ਹਿੱਕ ਵਿਚ ਚਸਕਦਾ ਰਿਹਾ। ਗੁਰਬਤ, ਬੇਵਸੀ, ਪਾੜੇ, ਸਿਆਸੀ-ਸੱਤਾ ਦੇ ਹੰਸ-ਫੁੰਡ ਸ਼ਿਕਾਰੀ, ਗ਼ੁਲਾਮੀ ਅਤੇ ਸੋਵੀਅਤ ਵੱਲੋਂ ਮੁਕਤੀ ਦੀ ਸੁਗੰਧੀ ਵਿਚਕਾਰ ਵਿਚਰਦਾ ਸਾਡਾ 'ਸਿਧਾਰਥ' ਗੁਰਸ਼ਰਨ ਸਿੰਘ 'ਮੋਕਸ਼' ਦੀ ਥਾਂ 'ਜੀਵਨ-ਮੁਕਤੀ' ਦੀ ਤਲਾਸ਼ ਵਿਚ ਕਮਿਊਨਿਸਟ ਬਣਨ ਦਾ ਮਾਣ ਹਾਸਲ ਕਰ ਗਿਆ।

ਇੰਜੀਨੀਅਰਿੰਗ ਕਰਕੇ ਭਾਖੜਾ-ਡੈਮ 'ਤੇ ਨੌਕਰੀ, ਮਨੁੱਖੀ ਅਕਲ ਦੀ ਕੁਦਰਤ ਉਪਰ ਸਰਦਾਰੀ ਨੂੰ ਆਪਣੇ ਹੱਥੀਂ ਸਥਾਪਤ ਕਰਦੇ ਅਤੇ ਅੱਖੀਂ ਦੇਖਦੇ ਹੋਏ, ਉਹ ਕਿਰਤ-ਸ਼ਕਤੀ ਦੀ ਸਰਵ ਸ਼ਕਤੀ ਮਾਨਤਾ ਦੇ ਕਾਇਲ-ਦਰ-ਕਾਇਲ ਹੁੰਦੇ ਚਲੇ ਗਏ। ਉਨ੍ਹਾਂ ਕਿਰਤੀਆਂ ਦੇ ਹੱਕਾਂ ਦੀ ਰਾਖੀ ਤੋਂ ਲੈ ਕੇ ਉਨ੍ਹਾਂ ਦੇ ਰਾਜ ਦੀ ਕਾਇਮੀ ਦਾ ਸੁਫਨਾ ਸਾਥੀ ਗੁਰਸ਼ਰਨ ਸਿੰਘ ਦੀਆਂ ਸੋਚਾਂ ਵਿਚ ਝਿਲਮਿਲਾਉਣ ਲੱਗ ਪਿਆ। ਉਨ੍ਹਾਂ ਦੀ ਜਾਗਰਤੀ ਅਤੇ ਜੱਥੇਬੰਦੀ ਸਾਥੀ ਗੁਰਸ਼ਰਨ ਲਈ ਇਕ ਗੁਰਮੰਤਰ ਬਣ ਗਈ। ਇਸ ਤਰ੍ਹਾਂ ਟਰੇਡ ਯੂਨੀਅਨ ਦਾ ਸਰਗਰਮ ਆਗੂ ਗੁਰਸ਼ਰਨ, ਨਾਟਕਕਾਰ ਗੁਰਸ਼ਰਨ ਸਿੰਘ ਵਿਚ ਰੂਪਾਂਤਰਤ ਹੋ ਗਿਆ।

ਉਦੋਂ ਦੇਸ਼ ਵਿਚ ਇਕੋ ਇਕ ਕਮਿਊਨਿਸਟ ਪਾਰਟੀ ਸੀ ਅਤੇ ਟਰੇਡ ਯੂਨੀਅਨਾਂ ਵੀ

ਅਣਵੰਡੀਆਂ ਸਨ। ਇਸ ਕਰਕੇ ਸਾਥੀ ਗੁਰਸ਼ਰਨ ਸਿੰਘ ਕਮਿਊਨਿਸਟ ਪਾਰਟੀ ਦੀਆਂ ਨੀਤੀਆਂ ਆਦਿ ਤੋਂ ਬਿਨਾਂ ਅਨੇਕਾਂ ਵੱਡੇ-ਛੋਟੇ ਆਗੂਆਂ ਤੇ ਕਾਰਕੁੰਨਾਂ ਤੋਂ ਵੀ ਭਲੀ-ਭਾਂਤ ਵਾਕਿਫ਼ ਸਨ।


ਇਸ ਦੌਰਾਨ ਉਨ੍ਹਾਂ ਨੇ ਆਪਣੀ ਸਿਰਜਣਾ ਤੇ ਸਰਗਰਮੀ ਦਾ ਅਖਾੜਾ ਚੁਣ ਲਿਆ ਸੀ। ਸਾਥੀ ਗੁਰਸ਼ਰਨ ਸਿੰਘ ਆਪਣੀ ਨੌਕਰੀ ਦੇ ਨਾਲ-ਨਾਲ 'ਅੰਮ੍ਰਿਤਸਰ ਕਲਾ ਕੇਂਦਰ' ਦੀ ਸਥਾਪਨਾ ਕਰਕੇ, ਨਾਟਕ ਅਤੇ ਰੰਗਮੰਚ ਦੀ ਇਕ ਗਿਣਨਯੋਗ ਸ਼ਖ਼ਸੀਅਤ ਵਜੋਂ ਉਭਰਨ ਲੱਗੇ ਸਨ। 1968-69 ਤੱਕ ਉਹ ਪੰਜਾਬੀ ਨਾਟਕ ਅਤੇ ਰੰਗਮੰਚ ਦੀ ਇਕ ਸਥਾਪਤ ਸ਼ਖਸ਼ੀਅਤ ਬਣ ਚੁੱਕੇ ਸਨ।


ਭਾਰਤ ਵਿਚ ਨਕਸਲਵਾੜੀ ਹਥਿਆਰਬੰਦ ਕਿਸਾਨ ਬਗ਼ਾਵਤ ਦੇ ਨਾਲ ਹੀ ਕਮਿਊਨਿਸਟ ਸਫ਼ਾਂ ਵਿਚ ਇਕ ਨਵੀਂ ਕਤਾਰਬੰਦੀ ਆਰੰਭ ਹੋ ਚੁੱਕੀ ਸੀ। ਭਾਰਤ ਦੇ ਕਈ ਪ੍ਰਾਂਤਾਂ ਖਾਸ ਕਰਕੇ ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼, ਬਿਹਾਰ, ਉੱਤਰ ਪ੍ਰਦੇਸ਼, ਕੇਰਲਾ, ਉੜੀਸਾ, ਮਹਾਂਰਾਸ਼ਟਰ, ਪੰਜਾਬ, ਜੰਮੂ-ਕਸ਼ਮੀਰ ਵਿਚ ਨਕਸਲਵਾੜੀ ਦੇ ਵਰਤਾਰੇ ਨੂੰ ਹਾਂ-ਪੱਖੀ ਹੁੰਗਾਰਾ ਮਿਲਣ ਲੱਗਾ ਸੀ। ਪੰਜਾਬ ਵਿਚ ਇਸ ਲਹਿਰ ਦਾ ਸਭ ਤੋਂ ਪਹਿਲਾ ਅਤੇ ਜਥੇਬੰਦਕ ਪ੍ਰਭਾਵ ਵਿਦਿਆਰਥੀ ਮੁਹਾਜ਼ 'ਤੇ ਦੇਖਣ ਨੂੰ ਮਿਲਿਆ ਜਿਸ ਨਾਲ ਬਹੁਤ ਸਾਰੇ ਸੰਵੇਦਨਸ਼ੀਲ, ਸੂਝਵਾਨ ਅਤੇ ਖਾੜਕੂ ਵਿਦਿਆਰਥੀ ਇਸ ਦੀਆਂ ਸਫ਼ਾਂ ਵਿਚ ਸ਼ਾਮਲ ਹੁੰਦੇ ਚਲੇ ਗਏ। ਭੀਖੀ ਅਤੇ ਕਿਲਾ ਹਕੀਮਾਂ ਵਿਚ ਜ਼ਮੀਨੀ ਕਬਜ਼ੇ ਅਤੇ ਰੋਪੜ ਵਿਚ ਬਿਰਲਾ ਫਾਰਮ ਦੇ ਕਿਰਤੀ-ਸੰਘਰਸ਼ ਨੇ ਇਸ ਲਹਿਰ ਦੇ ਪ੍ਰਭਾਵ ਦੀ ਪੁਸ਼ਟੀ ਕਰ ਦਿੱਤੀ ਸੀ। ਮਗਰੋਂ ਹਥਿਆਰਬੰਦ ਕਾਰਵਾਈਆਂ ਨੇ ਇਸ ਨੂੰ ਹੋਰ ਵੀ ਚਮਕਾਇਆ। ਬਾਵਜੂਦ ਕੁਝ ਕਮੀਆਂ ਦੇ ਇਸ ਲਹਿਰ ਨੇ ਕਮਿਊਨਿਸਟ-ਕਿਰਦਾਰ, ਸਿਦਕ, ਸਿਰੜ, ਤਿਆਗ, ਅਤੇ ਕੁਰਬਾਨੀ ਨੂੰ ਇਕ ਵਾਰ ਫੇਰ ਮੁੜ ਸਿਰਜ ਦਿੱਤਾ। ਇਸ ਵਰਤਾਰੇ ਨੇ ਅਨੇਕਾਂ ਸੰਵੇਦਨਸ਼ੀਲ ਸਿਆਸੀ ਆਗੂਆਂ, ਕਮਿਊਨਿਸਟਾਂ ਅਤੇ ਕਲਾਕਾਰਾਂ ਨੂੰ ਝੰਜੋੜਿਆ ਅਤੇ ਇਸ ਲਹਿਰ ਵੱਲ ਮੋੜਿਆ। ਸਾਥੀ ਗੁਰਸ਼ਰਨ ਸਿੰਘ ਉਨ੍ਹਾਂ ਮੁੱਖ ਅਤੇ ਜ਼ਿੰਮੇਵਾਰ ਸ਼ਖ਼ਸ਼ੀਅਤਾਂ ਵਿਚੋਂ ਇਕ ਸ਼ਖਸ਼ੀਅਤ ਸਨ।

ਕਮਿਊਨਿਸਟ ਇਨਕਲਾਬੀ ਲਹਿਰ (ਨਕਸਲਵਾੜੀ ਲਹਿਰ) ਦੀ ਸਰਗਰਮੀ, ਇਸ ਦੇ ਪ੍ਰਭਾਵ ਅਤੇ ਇਸ ਉਪਰ ਕੀਤੇ ਗਏ ਸਰਕਾਰੀ ਦਮਨ, ਦੋਹਾਂ ਮੁੱਖ-ਧਾਰਾ ਕਮਿਊਨਿਸਟ ਪਾਰਟੀਆਂ ਵੱਲੋਂ ਇਸ ਦਾ ਵਿਰੋਧ ਇਨ੍ਹਾਂ ਸਾਰੇ ਹੀ ਅਮਲਾਂ ਵਿਚੋਂ ਗੁਜ਼ਰਦੇ ਹੋਏ, ਸਾਥੀ ਗੁਰਸ਼ਰਨ ਸਿੰਘ ਜੀ ਇਨਕਲਾਬੀ-ਕਮਿਊਨਿਸਟ ਲਹਿਰ ਦੇ ਪੱਕੇ ਸਮਰਥਕ ਬਣ ਗਏ। ਭਾਅ ਜੀ ਗੁਰਸ਼ਰਨ ਸਿੰਘ ਜੀ ਦਾ ਇਹ ਫੈਸਲਾ ਕੋਈ ਜਜ਼ਬਾਤੀ ਫੈਸਲਾ ਨਹੀਂ ਸੀ, ਸਗੋਂ ਉਸ ਤਜਰਬੇ 'ਤੇ ਆਧਾਰਤ ਸੀ ਜਿਹੜਾ ਉਨ੍ਹਾਂ ਤਿਲੰਗਾਨਾ ਦੇ ਹਥਿਆਰਬੰਦ ਘੋਲ ਕਾਰਨ ਹੰਢਾਇਆ ਸੀ। ਉਦੋਂ ਦੀ ਅੰਤਰ-ਪਾਰਟੀ ਬਹਿਸ ਦੇ ਕੁਝ ਖਾਸ-ਖਾਸ ਨੁਕਤੇ ਉਨ੍ਹਾਂ ਨੂੰ ਦੇਰ ਤੱਕ ਵੀ ਯਾਦ ਸਨ। 1984 ਵਿਚ ਤਿਲੰਗਾਨਾ ਘੋਲ ਦੇ ਇਕ ਆਗੂ ਅਤੇ ਤਿਲੰਗਾਨਾ ਹਥਿਆਰਬੰਦ ਸੰਘਰਸ਼ ਦੀ ਮੁੜ-ਵਿਆਖਿਆ ਅਤੇ ਸਬਕਾਂ ਦਾ ਖੁਲਾਸਾ ਕਰਨ ਵਾਲੇ ਪ੍ਰਸਿੱਧ ਕਮਿਊਨਿਸਟ ਇਨਕਲਾਬੀ ਸਾਥੀ ਚੰਦਰਪੂਲਾ ਰੈਡੀ ਦੇ ਦਿਹਾਂਤ ਮੌਕੇ ਸਾਥੀ ਗੁਰਸ਼ਰਨ ਸਿੰਘ ਹੋਰਾਂ ਕਿਹਾ ਸੀ ਕਿ ਉਦੋਂ ਦੀ ਬਹਿਸ ਵਿਚ ਇਕ ਮੁੱਦਾ ਲਹਿਰ ਦੀ




# ਭਾਅ ਜੀ ਰੰਗਮੰਚੀ ਸਰਗਰਮੀਆਂ ਦੌਰਾਨ









# ਚਿੰਤਨ ਤੇ ਚੇਤਨਾ









ਸਰਗਰਮ ਰਾਖੀ ਦਾ ਸੀ ਅਤੇ ਸਾਥੀ ਚੰਦਰਪੂਲਾ ਰੈਡੀ ਇਸ ਰਾਖੀ ਕਰਨ ਦੇ ਕਾਰਜ ਦੇ ਝੰਡਾਬਰਦਾਰ ਸਨ। ਉਨ੍ਹਾਂ ਦੀ ਇਸ ਦੇਣ ਨੂੰ ਭਾਅ ਜੀ ਗੁਰਸ਼ਰਨ ਸਿੰਘ ਇਕ ਮਹੱਤਵਪੂਰਨ ਦੇਣ ਮੰਨਦੇ ਸਨ।

ਭਾਅ ਜੀ ਗੁਰਸ਼ਰਨ ਸਿੰਘ ਜੀ ਦੀ ਸਰਗਰਮੀ ਦੌਰਾਨ ਦੋ ਮੁੱਖ ਧਾਰਾ ਕਮਿਊਨਿਸਟ ਪਾਰਟੀਆਂ ਦੀ ਹੋਂਦ ਅਤੇ ਇਸ ਰਾਹੀਂ ਕਮਿਊਨਿਸਟ ਲਹਿਰ ਦੀ ਫੁੱਟ ਇਕ ਜੱਗ-ਜ਼ਾਹਰ ਤੱਥ ਸੀ। ਉਦੋਂ ਤੱਕ ਉਹ ਇਹ ਵੀ ਜਾਣ ਚੁੱਕੇ ਸਨ ਕਿ ਇਹ ਦੋਵੇਂ ਪਾਰਟੀਆਂ ਮੁੜ ਇਕ-ਜਾਨ ਨਹੀਂ ਹੋ ਸਕਣਗੀਆਂ ਅਤੇ ਨਾ ਹੀ ਕਰਾਂਤੀਕਾਰੀ ਸੰਘਰਸ਼ ਦੀ ਤਿਆਰੀ ਕਰਨਗੀਆਂ। ਪਰ 1971-72 ਤੱਕ ਜਾਂਦਿਆਂ ਉਹ ਨਕਸਲੀ ਧਿਰਾਂ ਵਿਚ ਉੱਭਰੀ ਕਤਾਰਬੰਦੀ ਤੋਂ ਵੀ ਜਾਣੂ ਸਨ। ਉਹ ਇਨਕਲਾਬੀ ਕਮਿਊਨਿਸਟ ਲਹਿਰ ਵਿਚ ਫੁੱਟ ਦੇ ਵਰਤਾਰੇ ਤੋਂ ਵੀ ਜਾਣੂ ਸਨ।

ਸਾਥੀ ਗੁਰਸ਼ਰਨ ਸਿੰਘ ਇਹ ਮੰਨਦੇ ਸਨ ਕਿ ਭਾਵੇਂ ਕੋਈ ਵੀ ਕਮਿਊਨਿਸਟ ਧਿਰ ਹੋਵੇ, ਕੈਡਰ ਸਭ ਦਾ ਇਮਾਨਦਾਰ ਹੁੰਦਾ ਹੈ। ਇਸ ਕਰਕੇ ਉਹ ਕੈਡਰ ਨਾਲ ਸਿੱਧੇ ਸੰਵਾਦ ਦੇ ਹੱਕ ਵਿਚ ਸਨ। ਇਹੀ ਕਾਰਨ ਹੈ ਕਿ ਜਦ ਉਨ੍ਹਾਂ ਅੰਮ੍ਰਿਤਸਰ ਤੋਂ ਸਰਗਰਮੀ ਆਰੰਭੀ ਤਾਂ ਉਨ੍ਹਾਂ ਨੇ ਨਾਟਕਾਂ ਦੇ ਨਾਲ-ਨਾਲ ਕੁਝ ਅਹਿਮ ਮੁੱਦਿਆਂ ਉੱਪਰ ਖੁੱਲ੍ਹੀ ਚਰਚਾ ਵੀ ਆਰੰਭ ਕਰਵਾਈ। ਇਸ ਵਿਚ ਸ੍ਰੀ ਸੱਤਪਾਲ ਡਾਂਗ ਵਰਗੇ ਕਮਿਊਨਿਸਟ ਕਹਾਉਂਦੇ ਆਗੂ ਵੀ ਸੱਦੇ ਗਏ। ਉਨ੍ਹਾਂ ਦੇ ਨਾਲ ਉਨ੍ਹਾਂ ਦਾ ਕੈਡਰ ਵੀ ਆਉਂਦਾ ਰਿਹਾ। ਨਕਸਲੀ ਆਗੂ ਵੀ ਬਹਿਸ ਵਿਚ ਸੱਦੇ ਗਏ। ਭਾਅ ਜੀ ਦਾ ਵਿਚਾਰ ਸੀ ਕਿ ਸ਼ਾਇਦ ਸੁਹਿਰਦ ਕੈਡਰ ਅਤੇ ਕੁਝ ਸੁਹਿਰਦ ਆਗੂ ਇਕ-ਜਾਨ ਇਕ-ਮੁੱਠ ਹੋ ਸਕਦੇ ਸਨ। ਪਰ ਭਾਅ ਜੀ ਦੀਆਂ ਸੁਹਿਰਦ ਕੋਸ਼ਿਸ਼ਾਂ ਨੂੰ ਕੋਈ ਖਾਸ ਫ਼ਲ ਨਹੀਂ ਲੱਗਾ, ਪਰ ਇਸ ਦਾ ਕਾਰਨ ਉਨ੍ਹਾਂ ਵਿਚ ਸੁਹਿਰਦਤਾ ਦੀ ਕਮੀ ਨਹੀਂ, ਸਗੋਂ ਸਥਿਤੀ ਦੀ ਗੁੰਝਲਦਾਰੀ ਅਤੇ ਖੜੋਤ ਸੀ ਜਿਸ ਕਾਰਨ ਮੁੱਖ-ਧਾਰਾ ਕਮਿਊਨਿਸਟ ਪਾਰਟੀਆਂ ਦਾ ਕੈਡਰ ਵੀ ਠੀਕ ਤੇ ਗ਼ਲਤ ਵਿਚ ਫ਼ਰਕ ਕਰਨ ਲਈ ਤੱਤਪਰ ਨਹੀਂ ਸੀ। ਹੁਣ ਵੀ ਇਨ੍ਹਾਂ ਪਾਰਟੀਆਂ ਦੇ ਕੈਡਰ ਦਾ ਵਿਵਹਾਰ ਇਸੇ ਕਿਸਮ ਦਾ ਹੈ। ਜੇ ਕੋਈ ਧਿਰ ਬਦਲਦਾ ਹੈ ਤਾਂ ਕਿਸੇ ਦਰੁਸਤ ਪੈਂਤੜੇ ਦੇ ਗਿਆਨ ਕਰਕੇ ਨਹੀਂ, ਸਗੋਂ ਕਈ ਨਿੱਜੀ ਅਤੇ ਧੜੇਬੰਦਕ ਗਿਣਤੀਆਂ-ਮਿਣਤੀਆਂ ਕਾਰਨ ਬਦਲਦਾ ਹੈ। ਮੁੱਖ-ਧਾਰਾ ਕਮਿਊਨਿਸਟ ਪਾਰਟੀ ਦੇ ਕੈਡਰ ਅਤੇ ਮੱਧ-ਦਰਜੇ ਦੀ ਲੀਡਰਸ਼ਿਪ ਦਾ ਵਿਵਹਾਰ ਇਸੇ ਹੀ ਤਰ੍ਹਾਂ ਦਾ ਰਹੇਗਾ, ਕਿਉਂਕਿ ਰੁਜ਼ਗਾਰਵਾਦ, ਪਾਰਲੀਮਾਨੀਵਾਦ ਅਤੇ ਧੜੇਬੰਦਕ ਸੋਚ ਨੇ ਇਸ ਕੈਡਰ ਨੂੰ ਬੁਰੀ ਤਰ੍ਹਾਂ ਜੰਗਾਲਿਆ ਪਿਆ ਹੈ। ਇਸ ਕਰਕੇ ਭਾਅ ਜੀ ਗੁਰਸ਼ਰਨ ਸਿੰਘ ਹੋਰਾਂ ਨੂੰ ਮੁੱਖ ਧਾਰਾ ਕਮਿਊਨਿਸਟ ਪਾਰਟੀਆਂ ਦੇ ਇਕਮੁੱਠ ਹੋਣ ਦੀ ਆਸ ਨਹੀਂ ਸੀ।

ਦੂਸਰੇ ਪਾਸੇ ਕਮਿਊਨਿਸਟ ਇਨਕਲਾਬੀ (ਨਕਸਲੀ) ਕੈਂਪ ਵਿਚ ਸਭ ਅੱਛਾ ਨਹੀਂ ਸੀ। ਸੱਤਰਵਿਆਂ ਦੇ ਆਰੰਭ ਤੋਂ ਅਖੀਰ ਤੱਕ ਇਸ ਕੈਂਪ ਵਿਚ ਅਨੇਕਾਂ ਵਾਦ-ਵਿਵਾਦ ਹੋਏ ਸਨ ਅਤੇ ਫੁੱਟ ਦਾ ਅਮਲ ਵੀ ਖ਼ਤਮ ਨਹੀਂ ਸੀ ਹੋਇਆ। ਇਹ ਧਿਰਾਂ ਵੱਖ-ਵੱਖ ਮੁੱਦਿਆਂ, ਜਿਵੇਂ ਚੋਣਾਂ ਵਿਚ ਸ਼ਮੂਲੀਅਤ, ਸਾਂਝਾ ਮੋਰਚਾ ਬਣਾਉਣ, ਪਾਰਟੀ ਵੱਲੋਂ ਖੁੱਲ੍ਹੇ ਮੌਕੇ ਵਰਤਣ, ਆਦਿ ਉਪਰ ਤਿੱਖੇ ਬਹਿਸ-ਭੇੜ ਵਿਚ ਰੁੱਝੀਆਂ ਹੋਈਆਂ ਸਨ। ਨਾਲ ਦੀ ਨਾਲ ਹਰ ਕੋਈ ਆਪੋ ਆਪਣੀ ਧਿਰ ਦੀ ਮਜਬੂਤੀ ਲਈ ਸਰਗਰਮ ਸੀ। ਇਨ੍ਹਾਂ ਧਿਰਾਂ ਦਾ

ਏਕੀਕਰਨ ਵੀ ਗੁਰਸ਼ਰਨ ਸਿੰਘ ਹੋਰਾਂ ਨੂੰ ਛੇਤੀ ਸਾਕਾਰ ਹੁੰਦਾ ਨਹੀਂ ਸੀ ਜਾਪਦਾ।

**ਭਖਦੇ ਮਸਲਿਆਂ ਉੱਪਰ ਸਾਂਝ:** ਇਸ ਸਥਿਤੀ ਵਿਚ ਗੁਰਸ਼ਰਨ ਸਿੰਘ ਹੋਰਾਂ ਦੀ ਇਹ ਤੀਬਰ ਇੱਛਾ ਰਹੀ ਕਿ ਕਿਸੇ ਨਾ ਕਿਸੇ ਭਖਦੇ ਮੁੱਦੇ ਉੱਪਰ ਇਨ੍ਹਾਂ ਸਾਰੀਆਂ ਕਮਿਊਨਿਸਟ ਧਿਰਾਂ ਦੀ ਸਾਂਝ ਹੁੰਦੀ ਰਹਿਣੀ ਚਾਹੀਦੀ ਹੈ। ਇਹ ਵੀ ਇਕ ਤੱਥ ਹੈ ਕਿ ਪੰਜਾਬ ਦੀਆਂ ਸਾਰੀਆਂ ਕਮਿਊਨਿਸਟ ਕਹਾਉਂਦੀਆਂ ਧਿਰਾਂ ਦੀਆਂ ਦਸਤਾਵੇਜ਼ਾਂ ਵਿਚ ਅਜਿਹੀਆਂ ਗੁੱਟਬੰਦੀਆਂ ਮੌਜੂਦ ਹਨ ਜਿਨ੍ਹਾਂ ਦੇ ਅਧੀਨ ਕਿਸੇ ਖਾਸ ਮੌਕੇ 'ਤੇ ਕਿਸੇ ਖਾਸ ਮੁੱਦੇ 'ਤੇ, ਸਭ ਨਾਲ ਸਾਂਝੀ ਕਾਰਵਾਈ ਕੀਤੀ ਜਾ ਸਕਦੀ ਹੈ। ਇਰਾਕ ਉਪਰ ਅਮਰੀਕਨ ਸਾਮਰਾਜ ਦੇ ਹਮਲੇ ਸਮੇਂ ਵੀ ਇਹ ਸਥਿਤੀ ਪੈਦਾ ਹੋਈ ਸੀ, ਭਾਵੇਂ ਸੀ.ਪੀ.ਆਈ., ਸੀ.ਪੀ.ਐਮ., ਸੀ.ਪੀ.ਆਈ. (ਮ-ਲ) ਨਿਊ ਡੈਮੋਕਰੇਸੀ ਨੇ ਇਸ ਹਮਲੇ ਵਿਰੁੱਧ ਸਾਂਝੀ ਕਾਰਵਾਈ ਕੀਤੀ ਸੀ, ਪਰ 'ਮਾਰਕਸੀ ਪਾਰਟੀ' ਨੇ ਮਾਰਕਸੀ ਕਮਿਊਨਿਸਟ ਪਾਰਟੀ ਪੰਜਾਬ (ਪਾਸਲਾ-ਧਿਰ) ਅਤੇ ਮਾਰਕਸੀ ਕਮਿਊਨਿਸਟ ਪਾਰਟੀ ਆਫ ਇੰਡੀਆ (ਲਾਇਲਪੁਰੀ ਗਰੁੱਪ) ਦੇ ਦਾਖਲੇ ਦਾ ਅੜਿੱਕਾ ਡਾਹ ਕੇ, ਇਕ ਵਿਸ਼ਾਲ ਸਾਂਝੀ ਕਾਰਵਾਈ ਨੂੰ ਸਾਕਾਰ ਨਹੀਂ ਸੀ ਹੋਣ ਦਿੱਤਾ। ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ ਵੀ, ਭਾਅ ਜੀ, ਭਖਦੇ ਜਨਤਕ ਮਸਲਿਆਂ 'ਤੇ ਸਾਂਝ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦੇ।

**ਕਮਿਊਨਿਸਟ ਇਨਕਲਾਬੀ (ਨਕਸਲੀ) ਧਿਰਾਂ ਦੀ ਏਕਤਾ** : ਭਾਅ ਜੀ ਗੁਰਸ਼ਰਨ ਸਿੰਘ ਜੀ ਦੀ ਇਹ ਤੀਬਰ ਇੱਛਾ ਰਹੀ ਕਿ ਸਾਰੀਆਂ ਕਮਿਊਨਿਸਟ ਇਨਕਲਾਬੀ (ਨਕਸਲੀ) ਧਿਰਾਂ ਇਕੋ ਲੜੀ ਵਿਚ ਪਰੋਅ ਕੇ ਇਕ ਪਾਰਟੀ ਵਿਚ ਪਰਵਰਤਿਤ ਹੋ ਜਾਣ ਪਰ ਤੀਬਰ ਅਤੇ ਬੁਨਿਆਦੀ ਵਿਰੋਧਾਂ ਦੀ ਹੋਂਦ ਨੇ ਭਾਅ ਜੀ ਲਈ ਇਹ ਸਪਸ਼ਟ ਕਰ ਦਿੱਤਾ ਸੀ ਕਿ ਇਿਉਂ ਹੋਣਾ ਛੇਤੀ ਕਰਕੇ ਸੰਭਵ ਨਹੀਂ ਹੈ। ਫਿਰ ਉਨ੍ਹਾਂ ਇਹ ਪੈਂਤੜਾ ਪੇਸ਼ ਕੀਤਾ ਕਿ ਬਹੁਤ ਹੀ ਮੋਕਲਾ ਸਾਂਝਾ ਆਧਾਰ ਲੱਭ ਕੇ, ਉਸ ਵਿਚ ਸਾਂਝਾ ਥੜ੍ਹਾ ਉਸਾਰ ਕੇ ਇਕ-ਦੂਸਰੇ ਦੇ ਨੇੜੇ ਹੋਇਆ ਜਾਵੇ ਅਤੇ ਇਕੋ ਇਕ ਇਨਕਲਾਬੀ ਕਮਿਊਨਿਸਟ ਪਾਰਟੀ ਦੀ ਉਸਾਰੀ ਵੱਲ ਵਧਿਆ ਜਾਵੇ।

ਇਸ ਮਾਮਲੇ ਵਿਚ ਭਾਅ ਜੀ ਦੀ ਮਘਦੀ ਖਾਹਿਸ਼ ਨਾਲੋਂ ਪੰਜਾਬ ਦੀ ਨਾਗੀ ਰੈਡੀ ਧਿਰ ਦੀ ਯੱਖ ਕੱਟੜਤਾ ਜ਼ਿਦ ਬਣ ਕੇ ਖੜ੍ਹ ਗਈ। ਉੱਧਰ ਪੰਜਾਬ ਵਿਚ 43% ਬੱਸ ਕਿਰਾਏ ਵਧਾਉਣ ਦਾ ਐਲਾਨ ਕਰ ਦਿੱਤਾ ਗਿਆ ਅਤੇ ਇੱਧਰ ਉਨ੍ਹਾਂ ਮੋਗਾ ਸੰਗਰੂਰ ਰੈਲੀ ਦਾ ਗੁੱਗਾ ਗਾਉਣਾ ਨਾ ਛੱਡਿਆ। ਜਦ ਪੁਲਿਸ ਗੋਲੀਆਂ ਨੇ ਦੋ ਥਾਂਈਂ ਸ਼ਹੀਦੀਆਂ ਕਰ ਦਿੱਤੀਆਂ, ਅਨੇਕਾਂ ਥਾਂਈਂ ਬੇ-ਰਹਿਮ ਲਾਠੀਚਾਰਜ ਕੀਤਾ ਅਤੇ ਸੈਂਕੜੇ ਗ੍ਰਿਫ਼ਤਾਰੀਆਂ ਕੀਤੀਆਂ ਤਾਂ ਕਿਤੇ ਇਸ "ਸ਼ੁੱਧ" ਧਿਰ ਨੇ ਸੌਂਅ ਭੰਨ ਘੜਾ ਕਰਕੇ ਸਾਂਝਾ ਮੰਚ ਸਕਾਰ ਕਰਨ ਵਿਚ ਹਿੱਸਾ ਪਾਇਆ। ਭਾਅ ਜੀ ਅਜਿਹੀ ਸਾਂਝ ਦੇ ਸਦਾ ਹੀ ਸਵਾਗਤ ਕਰਤਾ ਤੇ ਮੁਦਈ ਰਹੇ।

**ਇਨਕਲਾਬੀ ਕੇਂਦਰ** : ਭਾਅ ਜੀ ਇਸ ਸੇਧ ਦੇ ਧਾਰਨੀ ਸਨ ਕਿ ਜਦ ਸਭ ਲਈ ਹੀ ਅਤੇ ਸਮੂਹ ਲੋਕਾਂ ਲਈ ਗੰਭੀਰ ਚੁਣੌਤੀ ਖੜ੍ਹੀ ਹੋ ਜਾਵੇ ਤਾਂ ਉਸ ਦੇ ਟਾਕਰੇ ਲਈ ਲਾਜ਼ਮੀ ਹੀ ਸਾਂਝੀ ਕਾਰਵਾਈ ਹੋਣੀ ਚਾਹੀਦੀ ਹੈ। ਅਜਿਹਾ ਹੀ ਇਕ ਮੌਕਾ ਪੰਜਾਬ ਵਿਚ, ਬੱਸ ਕਿਰਾਇਆ-ਘੋਲ ਦੇ ਫੌਰੀ ਬਾਅਦ, ਖਾਲਿਸਤਾਨੀ ਅਤੇ ਸਰਕਾਰੀ ਦਹਿਸ਼ਤ ਦਾ ਉਭਾਰ

ਸੀ ਜਿਹੜਾ ਲੋਕਾਂ ਦੀ ਏਕਤਾ ਨੂੰ ਤਾਰ-ਤਾਰ ਕਰ ਰਿਹਾ ਸੀ, ਆਪਸੀ ਨਫ਼ਰਤ ਵਧਾ ਰਿਹਾ, ਲੋਕਾਂ ਨੂੰ ਕੁਰਾਹੇ ਪਾਉਂਦਾ ਅਤੇ ਬੇ-ਗੁਨਾਹਾਂ ਦਾ ਖ਼ੂਨ ਵਹਾਉਂਦਾ ਸੀ। ਭਾਅ ਜੀ ਚਾਹੁੰਦੇ ਸਨ ਕਿ ਕਿਸੇ ਸਾਂਝੇ ਮੰਚ ਤੋਂ ਇਸ ਵਰਤਾਰੇ ਦਾ ਬੇ-ਕਿਰਕ ਅਤੇ ਮੁਕੰਮਲ ਸਿਆਸੀ ਵਿਰੋਧ ਕੀਤਾ ਜਾਵੇ, ਇਨਕਲਾਬੀ ਕਮਿਊਨਿਸਟ ਦਖ਼ਲ-ਅੰਦਾਜ਼ੀ ਨੂੰ ਜਗਾਇਆ ਅਤੇ ਸਥਾਪਿਆ ਜਾਵੇ ਤਾਂ ਜੋ ਹਾਕਮ-ਜਮਾਤਾਂ ਦੀ ਇਸ ਸਾਜ਼ਿਸ਼ ਨੂੰ ਨਾਕਾਮ ਕੀਤਾ ਜਾਵੇ। ਇਸ ਮੰਚ ਵਿਚ ਨਾ ਸੀ.ਪੀ.ਆਈ., ਨਾ ਸੀ.ਪੀ.ਐਮ. ਆ ਸਕਦੀ ਸੀ ਕਿਉਂਕਿ ਮੰਚ ਕਿਸੇ ਤਰ੍ਹਾਂ ਵੀ ਸਰਕਾਰ ਦੀ ਹਮਾਇਤ ਨਹੀਂ ਸੀ ਕਰ ਸਕਦਾ ਅਤੇ ਨਾ ਹੀ ਸਰਕਾਰੀ ਸੁਰੱਖਿਆ ਦੀ ਛਤਰੀ ਲੈ ਸਕਦਾ ਸੀ। ਪੰਜਾਬ ਦੀ ਨਾਗੀ-ਰੈਡੀ ਧਿਰ ਇਸ ਉਪਰ ਇਨਕਲਾਬੀ ਕਮਿਊਨਿਸਟ ਪੈਂਤੜੇ ਦਾ ਪਰਛਾਵਾਂ ਤੱਕ ਨਹੀਂ ਸੀ ਪੈਣ ਦੇਣਾ ਚਾਹੁੰਦੀ। ਇਸ ਕਮੀ ਦੇ ਬਾਵਜੂਦ ਵੀ ਸਾਥੀ ਗੁਰਸ਼ਰਨ ਸਿੰਘ ਜੀ ਦੀ ਪਹਿਲ-ਕਦਮੀਂ ਨਾਲ ਇਨਕਲਾਬੀ ਕੇਂਦਰ ਹੋਂਦ ਵਿਚ ਆਇਆ ਜਿਸ ਨੇ ਦੋਹਾਂ ਕਿਸਮਾਂ ਦੀਆਂ ਦਹਿਸ਼ਤਾਂ ਦੇ ਵਿਰੁੱਧ ਇਕ ਦਲੇਰਾਨਾ ਤੇ ਇਤਿਹਾਸਕ ਇਨਕਲਾਬੀ ਕੂਚ ਜਥੇਬੰਦ ਕੀਤਾ ਜਿਸ ਨੇ ਰਾਤ-ਦਿਨ ਉਨ੍ਹਾਂ ਖੇਤਰਾਂ ਵਿਚ ਪ੍ਰਚਾਰ-ਪ੍ਰਸਾਰ ਕੀਤਾ ਜਿਨ੍ਹਾਂ ਵੱਲ ਲੋਕੀ ਮੂੰਹ ਕਰਨੋਂ ਵੀ ਸਹਿਮਦੇ ਸਨ। ਉਸ ਇਤਿਹਾਸਕ ਕਾਰਜ ਦੇ ਸੂਤਰਧਾਰ ਭਾਅ ਜੀ ਗੁਰਸ਼ਰਨ ਸਿੰਘ ਹੀ ਸਨ।

**ਭਖਦੇ ਜਨਤਕ ਮੁੱਦਿਆਂ ਉੱਪਰ ਘੱਟੋ-ਘੱਟ ਸਾਂਝ:** ਸਾਥੀ ਗੁਰਸ਼ਰਨ ਸਿੰਘ ਜੀ ਅਜਿਹੀ ਏਕਤਾ ਦੀ ਲੋਚਾ ਰੱਖਦੇ ਸਨ ਜਿਹੜੀ ਵਿਸ਼ਾਲ ਵੀ ਹੋਵੇ, ਲੋਕਾਂ ਦੇ ਭਖਦੇ ਮਸਲਿਆਂ ਉੱਪਰ ਹੋਵੇ ਅਤੇ ਜਿਹੜੀ ਕਮਿਊਨਿਸਟ ਕਹਾਉਂਦੀਆਂ ਧਿਰਾਂ ਦੀ ਏਕਤਾ ਅਤੇ ਏਕੀਕਰਨ ਵਿਚ ਵੀ ਸਹਾਈ ਸਾਬਤ ਹੋਵੇ। ਪਿਛਲੇ ਕੁਝ ਸਾਲਾਂ ਤੋਂ ਸਾਥੀ ਗੁਰਸ਼ਰਨ ਸਿੰਘ ਜੀ ਦੀ ਇਸ ਖਾਹਿਸ਼ ਅਤੇ ਕਾਰਜ ਨੂੰ ਲਗਾਤਾਰ ਹੁੰਗਾਰਾ ਮਿਲ ਰਿਹਾ ਹੈ। ਕਿਸਾਨਾਂ, ਪੇਂਡੂ ਮਜ਼ਦੂਰਾਂ, ਮੁਲਾਜ਼ਮਾਂ ਦੇ ਅਜਿਹੇ ਮੁੱਦੇ ਉੱਭਰਦੇ ਰਹੇ ਹਨ ਜਿਨ੍ਹਾਂ ਉੱਪਰ ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ ਸਾਂਝੀ ਕਾਰਵਾਈ ਜਥੇਬੰਦ ਕੀਤੀ ਜਾਂਦੀ ਰਹੀ ਹੈ। ਇਸ ਸਾਂਝੇ ਸੰਘਰਸ਼ ਨਾਲ ਕਈ ਪ੍ਰਾਪਤੀਆਂ ਵੀ ਹੋਈਆਂ ਹਨ ਅਤੇ ਇਸ ਸਾਂਝੇ ਮੰਚ ਨੇ ਪੰਜਾਬ ਦਾ ਲੋਕ-ਅਖਾੜਾ ਲਗਾਤਾਰ ਮੱਲਿਆ ਹੋਇਆ ਹੈ। ਤਿੰਨ ਦਰਜਨ ਦੇ ਕਰੀਬ ਜਨਤਕ ਜਥੇਬੰਦੀਆਂ ਨੇ ਦੋ ਕਾਲੇ ਕਾਨੂੰਨਾਂ ਦੇ ਵਿਰੁੱਧ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਇਹ ਦੋਵੇਂ ਮੰਚ, 17 ਕਿਸਾਨ-ਮਜ਼ਦੂਰ-ਜਥੇਬੰਦੀਆਂ ਦਾ ਮੰਚ ਅਤੇ 34 ਕਿਸਾਨ-ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਨੌਜੁਆਨ, ਇਸਤਰੀ, ਸਨਅਤੀ ਮਜ਼ਦੂਰ ਜਥੇਬੰਦੀਆਂ ਦਾ ਮੰਚ, ਸਾਂਝੇ ਵੀ ਹਨ, ਵਿਸ਼ਾਲ ਵੀ ਹਨ ਅਤੇ ਮੁਕਾਬਲਤਨ ਟਿਕਾਊ ਅਤੇ ਸੁਹਿਰਦ ਇੱਛਾਵਾਂ ਦੀ ਪੂਰਤੀ ਦਾ ਸਾਧਨ ਹੈ ਅਤੇ ਉਨ੍ਹਾਂ ਨੂੰ ਦਿੱਤੀ ਗਈ ਸਭ ਤੋਂ ਹਾਰਦਿਕ ਸੁਹਿਰਦ ਅਤੇ ਗੰਭੀਰ ਸ਼ਰਧਾਂਜਲੀ ਹੈ।

ਇਹ ਸਾਂਝ ਘੱਟੋ-ਘੱਟ ਇਹ ਆਧਾਰ ਤਾਂ ਪੈਦਾ ਕਰਦੀ ਹੈ ਕਿ ਸਰਕਾਰਾਂ ਦੀਆਂ ਮੌਜੂਦਾ ਲੋਕ-ਦੋਖੀ ਨੀਤੀਆਂ ਦੇ ਵਿਰੁੱਧ ਜ਼ੋਰਦਾਰ ਸੰਘਰਸ਼ ਕੀਤਾ ਜਾਵੇ। ਅਜਿਹੀ ਸਾਂਝੇ ਸੰਘਰਸ਼ ਦੀ ਹੋਂਦ ਪੰਜਾਬ ਦੇ ਸਿਆਸੀ ਅਤੇ ਸਭਿਆਚਾਰਕ ਵਾਤਾਵਰਣ ਲਈ ਬਹੁਤ ਲੋੜੀਂਦੀ ਹੈ। ਇਹ ਲੋਕਾਂ ਵਿਚ ਸਾਂਝ, ਵਫ਼ਾਦਾਰੀ, ਆਪਸੀ ਵਿਸ਼ਵਾਸ ਅਤੇ ਜਿੱਤ ਦੀ ਭਾਵਨਾ ਦਾ ਸੰਚਾਰ ਕਰਕੇ, ਲੋਕਾਂ ਵਿਚ ਉਤਸ਼ਾਹ ਅਤੇ ਆਸ ਪੈਦਾ ਕਰਦੀ ਹੈ। ਜੇਕਰ

ਇਹ ਸੇਧ ਬਰਕਰਾਰ ਰਹਿੰਦੀ ਹੈ ਤਾਂ ਫਿਰਕੂ ਤੇ ਮੂਲਵਾਦੀ ਭਟਕਾਵਾਂ ਨੂੰ ਨਿਖੇੜਿਆ ਜਾ ਸਕਦਾ ਹੈ, ਜਨਤਕ ਇਨਕਲਾਬੀ ਲਹਿਰ ਨੂੰ ਖਾੜਕੂ ਪਾਣ ਦਿੱਤੀ ਜਾ ਸਕਦੀ ਹੈ ਅਤੇ ਅਗਾਮੀ ਲੋਕ-ਦੋਖੀ ਨੀਤੀਆਂ ਦੇ ਵਿਰੁੱਧ ਇਕ ਲੋਹ-ਦੀਵਾਰ ਖੜ੍ਹੀ ਕੀਤੀ ਜਾ ਸਕਦੀ ਹੈ।

ਪੰਜਾਬ ਫਿਰਕਾਪ੍ਰਸਤੀ ਦੇ ਭਿਆਨਕ ਕਾਂਡ ਦੇਖ ਚੁੱਕਾ ਹੈ। ਇਨ੍ਹਾਂ ਕਾਂਡਾਂ ਨੇ ਪੰਜਾਬੀਅਤ ਦੀ ਬਹਾਦਰੀ, ਏਕਤਾ ਅਤੇ ਕੁਰਬਾਨੀ ਦਾ ਰੱਜ ਕੇ ਘਾਣ ਕੀਤਾ, ਦੇਸੀ ਅਤੇ ਸਾਮਰਾਜੀ ਹਾਕਮਾਂ ਦੀ ਰੱਜ ਕੇ ਸੇਵਾ ਕੀਤੀ ਹੈ ਅਤੇ ਲੋਕਾਂ ਦੀ ਮੁਕਤੀ ਦੇ ਕਾਰਜ ਨੂੰ ਭਟਕਾਇਆ ਹੈ। ਇਸ ਕਰਕੇ ਪੰਜਾਬ ਵਿਚ ਸਿਰਫ਼ ਆਰਥਿਕ ਤੇ ਹੋਰ ਭਖਦੇ ਮੁੱਦਿਆਂ ਉੱਪਰ ਹੀ ਵਿਸ਼ਾਲ-ਸਾਂਝੇ ਘੋਲ ਦੀ ਲੋੜ ਨਹੀਂ, ਸਗੋਂ ਸੱਭਿਆਚਾਰਕ ਖੇਤਰ ਵਿਚ ਵੀ ਇਸ ਦੀ ਗੁੰਜ਼ਾਇਸ਼ ਹੈ।

ਭਾਅ ਜੀ ਗੁਰਸ਼ਰਨ ਸਿੰਘ ਇਕੱਲੇ ਸਾਹਿਤਕ-ਸੱਭਿਆਚਾਰਕ, ਰੰਗਮੰਚ ਦੇ ਸਿਪਾਹਸਲਾਰ ਤਾਂ ਸਨ ਹੀ, ਉਹ ਇਕ ਕਮਿਊਨਿਸਟ ਹੋਣ ਦਾ ਮਾਣ-ਮੱਤਾ ਦਰਜਾ ਵੀ ਰੱਖਦੇ ਸਨ। ਇਸ ਕਰਕੇ ਭਾਅ ਜੀ ਗੁਰਸ਼ਰਨ ਸਿੰਘ ਹੋਰਾਂ ਦੀ ਸਰਗਰਮੀ ਅਤੇ ਦੇਣ ਨੂੰ ਸਿਰਫ਼ ਸਾਹਿਤਕ-ਸੱਭਿਆਚਾਰਕ ਖੇਤਰ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ, ਸਗੋਂ ਉਹ ਇਨਕਲਾਬੀ ਕਮਿਊਨਿਸਟਾਂ ਦੇ ਅਮਲ ਅਤੇ ਸੇਧ ਲਈ ਪ੍ਰਸੰਗਿਕ ਸਨ। ਇਹ ਭਾਵੇਂ ਇਕ ਇਤਫ਼ਾਕ ਹੀ ਹੈ ਪਰ ਫੇਰ ਵੀ ਭਾਅ ਜੀ ਗੁਰਸ਼ਰਨ ਸਿੰਘ ਨੂੰ ਅੰਤਿਮ ਵਿਦਾਇਗੀ ਵੇਲੇ ਇਕ ਜਰਨੈਲ ਵਰਗਾ ਮਾਣ-ਸਨਮਾਨ ਮਿਲਿਆ ਹੈ। 27-28 ਸਤੰਬਰ ਦੀ ਰਾਤ ਨੂੰ ਉਹ ਸਦੀਵੀ ਵਿਛੋੜਾ ਦੇ ਗਏ, 28 ਤਰੀਕ ਨੂੰ ਅਨੇਕਾਂ ਇਨਕਲਾਬੀ ਜਨਤਕ ਜਥੇਬੰਦੀਆਂ ਨੇ ਚੰਡੀਗੜ੍ਹ ਨੂੰ 'ਸੀਲ' ਕਰਕੇ ਰੱਖ ਦਿੱਤਾ। ਜਦ ਦ੍ਰਿੜ੍ਹ-ਸੰਕਲਪ ਕਿਰਤੀ-ਯੋਧਿਆਂ ਨੂੰ ਆਪੋ ਆਪਣੇ ਮੋਰਚਿਆਂ ਉੱਪਰ ਉਨ੍ਹਾਂ ਦੇ ਭਾਅ ਜੀ ਦੇ ਦੁਖਦਾਈ ਵਿਛੋੜੇ ਦੀ ਖ਼ਬਰ ਮਿਲੀ ਤਾਂ ਸੋਗ ਦੀ ਮਾਰ ਦੇ ਬਾਵਜੂਦ ਵੀ ਉਨ੍ਹਾਂ ਆਪਣੇ ਮੋਰਚਿਆਂ 'ਤੇ ਮੌਨ ਧਾਰ ਕੇ ਭਾਅ ਜੀ ਨੂੰ ਸ਼ਰਧਾਂਜਲੀ ਦਿੱਤੀ। ਇਹ ਉਸੇ ਤਰ੍ਹਾਂ ਦਾ ਹੀ ਅਮਲ ਹੈ ਜਿਵੇਂ ਜੰਗ ਦੌਰਾਨ ਮੋਰਚਿਆਂ 'ਤੇ ਲੜਦੇ ਯੋਧੇ ਆਪਣੇ ਕਿਸੇ ਸ਼ਹੀਦ ਜਰਨੈਲ ਨੂੰ ਸ਼ਰਧਾਂਜਲੀ ਦੇ ਰਹੇ ਹੋਣ। ਇਹ ਮੌਕਾ ਅਤੇ ਮਾਣ ਵੀ ਭਾਅ ਜੀ ਗੁਰਸ਼ਰਨ ਸਿੰਘ ਹੋਰਾਂ ਦੇ ਹੀ ਹਿੱਸੇ ਆਇਆ ਹੈ ਅਤੇ ਪੰਜਾਬ ਦੀਆਂ ਸ਼ਾਮਲ ਕਮਿਊਨਿਸਟ ਕਹਾਉਂਦੀਆਂ ਧਿਰਾਂ ਅਤੇ ਇਨਕਲਾਬੀ ਜਨਤਕ ਜਥੇਬੰਦੀਆਂ ਨੇ ਉਨ੍ਹਾਂ ਦੇ ਵਾਰਿਸ ਹੋਣ ਦਾ ਫਰਜ਼ ਪੂਰਾ ਕੀਤਾ ਹੈ। ਕਲਾ ਅਤੇ ਸੰਘਰਸ਼ ਦੀ ਏਕਤਾ ਅਤੇ ਸੁਮੇਲ ਸਦਾ ਹੀ ਉਸਾਰੂ ਸਿੱਟੇ ਕੱਢਦਾ ਹੈ ਅਤੇ ਇਸ ਪ੍ਰਸੰਗ ਵਿਚ ਇਹ ਸੁਮੇਲ ਪੰਜਾਬ ਦੀ ਇਨਕਲਾਬੀ ਕਮਿਊਨਿਸਟ ਲਹਿਰ ਲਈ ਇਕ ਵਰਦਾਨ ਸਾਬਤ ਹੁੰਦਾ ਰਹੇਗਾ।